**ਦਫਤਰ ਡਾਇਰੈਕਟਰ ਰਾਜ ਸਿੱਖਿਆ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ**
**ਬਲਾਕ-ਈ, ਛੇਵੀ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ: ਫੇਜ਼-8, ਅਜੀਤਗੜ੍ਹ, ਮੋਹਾਲੀ**
**ਫੋਨ ਨੰਬਰ:0172-2212221**

---

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ)
ਸਮੂਹ ਸਕੂਲ ਮੁੱਖੀ, ਪੰਜਾਬ।

ਮੀਮੋ ਨੰ:SERT/SCI/85641 ਮਿਤੀ:- 09/03/2021

**ਵਿਸ਼ਾ:- ਮਿਤੀ 12.3.2021 ਨੂੰ ਸਕੂਲਾਂ ਵਿਚ "Azadi ka Amrut Mahotsav" ਮਨਾਉਣ ਸਬੰਧੀ।**

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਭਾਰਤ ਸਰਕਾਰ ਵੱਲੋਂ 75ਵੀਂ ਅਜ਼ਾਦੀ ਦਿਹਾੜ੍ਹੇ ਦੀ ਸਾਲਗਿਰ੍ਹਾ ਮਨਾਉਣ ਦਾ ਫੈਸਲਾ ਲਿਆ ਗਿਆ ਹੈ ਜਿਸ ਦੇ ਪ੍ਰੋਗਰਾਮ ਦੀ ਸ਼ੁਰੂਆਤ 15-08-2022 (ਅਜ਼ਾਦੀ ਦਿਹਾੜਾ) ਤੋਂ 75 ਹਫਤੇ ਪਹਿਲਾਂ ਮਿਤੀ-12-03-2021 ਤੋਂ ਭਾਰਤ ਦੇ ਸਮੂਹ ਰਾਜਾਂ ਵਿੱਚ ਕੀਤੀ ਜਾ ਰਹੀ ਹੈ।

3.0 ਇਸ ਪ੍ਰੋਗਰਾਮ ਦੀ ਲੜੀ ਵਿੱਚ ਸਮੂਹ ਸਕੂਲਾਂ ਦੇ ਵਿਦਿਆਰਥੀਆਂ ਦੇ ਲੇਖ ਰਚਨਾ, ਪੇਂਟਿੰਗ ਅਤੇ ਭਾਸ਼ਨ ਮੁਕਾਬਲੇ **"Azadi ka Amrut Mahotsav"** ਹੇਠ ਕਰਵਾਏ ਜਾਣੇ ਹਨ। ਇਸ ਪ੍ਰੋਗਰਾਮ ਤਹਿਤ ਵਿਦਿਆਰਥੀ ਭਾਰਤ ਦੀ ਆਜਾਦੀ ਦੀ ਲੜ੍ਹਾਈ ਸਬੰਧੀ ਘਟਨਾਵਾਂ, ਦੇਸ਼ ਭਗਤਾਂ ਵੱਲੋਂ ਦਿੱਤੇ ਗਏ ਯੋਗਦਾਨ ਅਤੇ ਇਸ ਨਾਲ ਸਬੰਧਤ ਹੋਰ ਵਿਸ਼ਿਆਂ ਤੇ ਲੇਖ ਰਚਨਾ, ਪੇਂਟਿੰਗ ਅਤੇ ਭਾਸ਼ਨ ਮੁਕਾਬਲਿਆਂ ਵਿੱਚ ਭਾਗ ਲੈਣਗੇ।

4.0 ਸਕੂਲ ਵਿਚ ਪੜਦੇ ਸਮੂਹ ਨਾਨ-ਬੋਰਡ ਜਮਾਤਾਂ (ਛੇਵੀਂ, ਸੱਤਵੀਂ, ਨੌਵੀਂ ਅਤੇ ਗਿਆਰਵੀਂ) ਦੇ ਵੱਧ ਤੋਂ ਵੱਧ ਵਿਦਿਆਰਥੀਆਂ ਵੱਲੋਂ ਇਸ ਲੇਖ ਰਚਨਾ, ਪੇਂਟਿੰਗ ਅਤੇ ਭਾਸ਼ਨ ਮੁਕਾਬਲਿਆਂ ਵਿਚ ਭਾਗ ਲੈਣਾ ਯਕੀਨੀ ਬਣਾਇਆ ਜਾਵੇ।

5.0 ਸਵੇਰ ਦੀ ਸਭਾ ਦੌਰਾਨ ਵਿਦਿਆਰਥੀਆਂ ਨੂੰ ਅਜ਼ਾਦੀ ਦੀ ਲੜ੍ਹਾਈ ਸਬੰਧੀ ਘਟਨਾਵਾਂ ਬਾਰੇ ਜਾਣਕਾਰੀ ਦਿੱਤੀ ਜਾਵੇ।

6.0 ਵੱਖ-ਵੱਖ ਜਮਾਤਾਂ ਦੇ ਸਲੇਬਸ ਵਿੱਚ ਉਪਰੋਕਤ ਵਿਸ਼ੇ ਨਾਲ ਸਬੰਧਤ ਪਾਠ ਸ਼ਾਮਿਲ ਕੀਤੇ ਜਾਣ।

7.0 ਲੇਖ ਰਚਨਾ, ਪੇਂਟਿੰਗ ਅਤੇ ਭਾਸ਼ਨ ਮੁਕਾਬਲੇ ਸਕੂਲ ਦੀ ਸਮਾਂ ਸਾਰਣੀ ਦੇ ਅਨੁਸਾਰ ਸਬੰਧਤ ਜਮਾਤ ਦੇ ਪੀਰੀਅਡ ਦੇ ਦੌਰਾਨ ਹੀ ਕਰਵਾਏ ਜਾਣਗੇ ਅਤੇ ਇਹਨਾਂ ਮੁਕਾਬਲਿਆਂ ਵਿਚ ਜੇਤੂ ਵਿਦਿਆਰਥੀਆਂ ਨੂੰ ਸਕੂਲ ਪੱਧਰ ਤੇ ਸਨਮਾਨਿਤ ਕਰਕੇ ਹੌਸਲਾ ਅਫਜਾਈ ਕੀਤੀ ਜਾਵੇ।

8.0 ਸਕੂਲ ਮੁੱਖੀ ਆਪਣੇ ਸਕੂਲ ਦੀ Best performances ਨੂੰ ਸਕੂਲ ਦੇ ਫੇਸਬੁਕ ਪੇਜ਼ ਤੇ ਅਪਲੋਡ ਕਰਨਗੇ ਅਤੇ ਆਪਣੇ ਜ਼ਿਲ੍ਹੇ ਦੇ ਸੋਸ਼ਲ ਮੀਡੀਆ ਕੋਆਰਡੀਨੇਟਰ ਅਤੇ ਬੀ.ਐਮ./ਡੀ.ਐਮ.(ਅੰਗਰੇਜ਼ੀ/ਐਸ.ਐਸ) ਨੂੰ ਭੇਜਣਗੇ।

9.0 ਉਪਰੋਕਤ ਸਬੰਧੀ ਸਮੂਹ ਡੀ.ਐਮ. (ਅੰਗਰੇਜ਼ੀ/ਐਸ.ਐਸ)ਆਪਣੇ ਜ਼ਿਲ੍ਹੇ ਦੀ Best Practices ਸਟੇਟ ਰਿਸੋਰਸ ਪਰਸਨ (ਅੰਗਰੇਜ਼ੀ/ਐਸ.ਐਸ) ਨੂੰ ਭੇਜਣਾ ਯਕੀਨੀ ਬਨਾਉਣ।

for.

**ਡਾਇਰੈਕਟਰ**
**ਰਾਜ ਸਿੱਖਿਆ ਖੋਜ਼ ਅਤੇ ਸਿਖਲਾਈ ਪ੍ਰੀਸ਼ਦ ,ਪੰਜਾਬ।**